# ਪੰਜਾਬ ਸਕੂਲ ਸਿੱਖਿਆ ਬੋਰਡ

(ਅਕਾਦਮਿਕ ਸ਼ਾਖਾ)

ਵਿਸ਼ਾ :- ਗੋਲਡਨ ਚਾਂਸ ਵਿੱਚ ਪਾਸ ਹੋਏ ਵਿਦਿਆਰਥੀਆਂ ਨੂੰ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲਾ ਦੇਣ ਸਬੰਧੀ।

ਪੰਜਾਬ ਰਾਜ ਦੇ ਸਮੂਹ ਮੁੱਖ ਅਧਿਆਪਕਾਂ/ਪ੍ਰਿੰਸੀਪਲਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਵਿਦਿਆਰਥੀਆਂ ਨੇ ਸਤੰਬਰ-2015 ਵਿੱਚ ਮੈਟ੍ਰਿਕ ਸ਼੍ਰੇਣੀ ਦੀ ਪ੍ਰੀਖਿਆ ਗੋਲਡਨ ਚਾਂਸ ਰਾਹੀਂ ਪਾਸ ਕੀਤੀ ਹੈ ਅਤੇ ਗਿਆਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਰੈਗੂਲਰ ਤੌਰ ਤੇ ਮਾਰਚ-2015 ਵਿੱਚ ਪਾਸ ਕੀਤੀ ਹੈ, ਉਹ ਵਿਦਿਆਰਥੀ ਨਤੀਜਾ ਨਿਕਲਣ ਤੋ ਬਾਅਦ ਸੈਸ਼ਨ 2015-16 ਵਿੱਚ ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਰੈਗੂਲਰ ਤੌਰ ਤੇ ਦੇਣ ਦੇ ਯੋਗ ਸਨ, ਪ੍ਰੰਤੂ ਜੇਕਰ ਕੁਝ ਵਿਦਿਆਰਥੀ ਕਿਸੇ ਕਾਰਨ ਕਰਕੇ ਸਾਲ 2015-16 ਵਿੱਚ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਨਹੀਂ ਲੈ ਸਕੇ, ਉਹ ਵਿਦਿਆਰਥੀ ਬੋਰਡ ਵਲੋਂ ਸਾਲ/ਸੈਸ਼ਨ 2016-17 ਵਾਸਤੇ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਲਈ ਜਾਰੀ ਹਦਾਇਤਾਂ ਦੇ ਨੁਕਤਾ ਨੰ: 6 ਅਨੁਸਾਰ ਚਾਲੂ ਸੈਸ਼ਨ ਤੋਂ ਤਿੰਨ ਸਾਲ ਪਹਿਲਾਂ ਜਿਨ੍ਹਾਂ ਪ੍ਰੀਖਿਆਰਥੀਆਂ ਨੇ ਗਿਆਰ੍ਹਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਸਰਕਾਰੀ/ਏਡਿਡ/ਐਫੀਲਿਏਟਿਡ/ਐਸੋਸੀਏਟਿਡ ਸਕੂਲਾਂ ਤੋਂ ਪਾਸ ਕੀਤੀ ਹੋਵੇ, ਉਹ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ। ਗੋਲਡਨ ਚਾਂਸ ਵਿੱਚ ਪਾਸ ਹੋਏ ਵਿਦਿਆਰਥੀਆਂ ਸਬੰਧੀ ਬੋਰਡ ਵਲੋਂ ਜਾਰੀ ਪ੍ਰੈੱਸ ਨੋਟ ਅਤੇ ਸਾਲ 2016-17 ਲਈ ਜਾਰੀ ਹਦਾਇਤਾਂ ਵੀ ਬੋਰਡ ਦੀ ਵੈਬ-ਸਾਈਟ www.pseb.ac.in ਤੇ ਉਪਲਬੱਧ ਹਨ।

28.4.16

ਡਿਪਟੀ-ਡਾਇਰੈਕਟਰ (ਅਕਾਦਮਿਕ)

ਪੰਜਾਬ ਸਕੂਲ ਸਿੱਖਿਆ ਬੋਰਡ।